

ਪਾਠ-7

# ਜੰਤੂ—ਇਕ ਜਾਣ-ਪਹਿਚਾਣ

ਦੀਪੀ ਬਹੁਤ ਖ਼ੁਸ਼ ਸੀ। ਸਕੂਲ ਵਿੱਚ ਛੁੱਟੀਆਂ ਸਨ। ਉਹ ਨਾਨੀ ਕੋਲ਼ ਆਈ ਹੋਈ ਸੀ। ਉਸ ਦੀ ਛੋਟੀ ਭੈਣ ਗੋਗੀ ਵੀ ਉਸ ਨਾਲ ਸੀ। ਨਾਨੀ ਦੇ ਪਿੰਡ ਉਹਨਾਂ ਦਾ ਪਹਿਲਾ ਦਿਨ ਸੀ। ਨਾਨੀ ਉਨ੍ਹਾਂ ਨੂੰ ਕਹਾਣੀ ਸੁਣਾ ਰਹੇ ਸਨ ਕਿ ਉਨ੍ਹਾਂ ਨੇ ਇੱਕ ਉੱਚੀ ਅਵਾਜ਼ ਸੁਣੀ। ਗੋਗੀ ਡਰ ਗਈ। ਉਸ ਨੇ ਪੁੱਛਿਆ, "ਇਹ ਕੀ ਹੈ ?" ਨਾਨੀ ਨੇ ਹੱਸ ਕੇ ਕਿਹਾ, "ਆ ਦਿਖਾਵਾਂ ਪੁੱਤ।"

ਨਾਨੀ ਨੇ ਕਿਹਾ, "ਇਹ ਗਾਂ ਹੈ ਧੀਏ।" ਉਨ੍ਹਾਂ ਨੇ ਪਿਆਰ ਨਾਲ਼ ਗਾਂ ਦੇ ਮੱਥੇ ਉੱਤੇ ਹੱਥ ਫੇਰਿਆ। ਗੋਗੀ ਦਾ ਡਰ ਦੂਰ ਹੋ ਗਿਆ। ਬਾਕੀ ਜਾਨਵਰ ਵੀ ਬੋਲਣ ਲੱਗੇ। ਗੋਗੀ ਅਤੇ ਦੀਪੀ ਉਹਨਾਂ ਦੀ ਨਕਲ ਕਰਨ ਲੱਗੀਆਂ।

ਗੋਗੀ ਨੇ ਪੁੱਛਿਆ, "ਇਹ ਕੀ ਕਹਿ ਰਹੇ ਹਨ?" ਨਾਨੀ ਨੇ ਕਿਹਾ, "ਇਹਨਾਂ ਨੂੰ ਭੁੱਖ ਲੱਗੀ ਹੈ।" ਉਨ੍ਹਾਂ ਨੇ ਗਾਂ ਅਤੇ ਮੱਝ ਨੂੰ ਚਾਰਾ ਪਾ ਦਿੱਤਾ। ਨਾਨੀ ਨੇ ਦੀਪੀ ਨੂੰ ਦੁੱਧ ਦਾ ਜੱਗ ਭਰ ਕੇ ਦਿੱਤਾ। ਦੀਪੀ ਨੇ ਕੁੱਤੇ ਅਤੇ ਬਿੱਲੀ ਨੂੰ ਦੁੱਧ ਪਾਇਆ। ਗੋਗੀ ਨੇ ਮੁਰਗੀ ਨੂੰ ਖ਼ੁਸ਼ੀ-ਖ਼ੁਸ਼ੀ ਦਾਣੇ ਪਾਏ।

ਅਗਲੇ ਦਿਨ ਨਾਨੀ ਨੇ ਕਿਹਾ, "ਮੈਂ ਖੇਤ ਜਾ ਕੇ ਤੁਹਾਡੇ ਨਾਨਾ ਜੀ ਨੂੰ ਰੋਟੀ ਦੇ ਆਵਾਂ।" ਦੀਪੀ ਅਤੇ ਗੋਗੀ ਨੇ ਕਿਹਾ, "ਅਸੀਂ ਵੀ ਜਾਵਾਂਗੇ।" ਉਹ ਰੋਟੀ ਲੈ ਕੇ ਖੇਤ ਪਹੁੰਚੇ। ਨਾਨਾ ਜੀ ਨੇ ਰੋਟੀ ਖਾਧੀ। ਉਨ੍ਹਾਂ ਨੇ ਇੱਕ ਰੋਟੀ ਬਚਾ ਲਈ ਅਤੇ ਉਸ ਦੇ ਛੋਟੇ-ਛੋਟੇ ਟੁਕੜੇ ਕੀਤੇ। ਫਿਰ ਇੱਕ ਦਰੱਖ਼ਤ ਥੱਲੇ ਖਿਲਾਰ ਦਿੱਤੇ। ਰੋਟੀ ਦੇਖ ਕੇ ਚਿੜੀ, ਕਾਂ, ਕਬੂਤਰ, ਤੋਤਾ, ਘੁੱਗੀ ਅਤੇ ਗੁਟਾਰ ਉੱਥੇ ਆ ਗਏ। ਇੱਕ ਚੂਹਾ ਅਤੇ ਕੁੱਝ ਕੀੜੀਆਂ ਵੀ ਆ ਗਈਆਂ।

ਦਰਖ਼ਤ ਉੱਤੇ ਇੱਕ ਇੱਲ ਆ ਕੇ ਬੈਠ ਗਈ। ਸਾਰੇ ਜੰਤੂ ਤੇਜ਼ੀ ਨਾਲ਼ ਉੱਥੋਂ ਚਲੇ ਗਏ। ਦੀਪੀ ਨੇ ਪੁੱਛਿਆ, "ਇਹ ਰੋਟੀ ਛੱਡ ਕੇ ਕਿਉਂ ਚਲੇ ਗਏ ?" ਨਾਨਾ ਜੀ ਨੇ ਦੱਸਿਆ, "ਪੁੱਤਰ ਇਹ ਇੱਲ ਤੋਂ ਡਰ ਗਏ।"

**ਕਿਰਿਆ-1 :** ਜੰਤੂਆਂ ਦਾ ਭੋਜਨ ਕਈ ਪ੍ਰਕਾਰ ਦਾ ਹੁੰਦਾ ਹੈ। ਕੀ ਤੁਸੀਂ ਕਦੇ ਕਿਸੇ ਜੰਤੂ ਨੂੰ ਕੁੱਝ ਖੁਆਇਆ ਹੈ ? ਹੇਠਾਂ ਦਿੱਤੀ ਸ਼ਬਦ-ਪਹੇਲੀ ਵਿੱਚੋਂ ਜੰਤੂਆਂ ਦਾ ਭੋਜਨ ਲੱਭ ਕੇ ਉਨ੍ਹਾਂ ਦੀ ਤਸਵੀਰ ਹੇਠਾਂ ਲਿਖੋ।



| | | | | | |
|---|---|---|---|---|---|
| ਮੱ | ੳ | ਸ | ਤ | ਦ | ਅ |
| ਛੀ | ਣ | ਜ਼ | ਚ | ਵ | ਦੂੱ |
| ਮਿ | ਰ | ਚ | ਦਾ | ਨ | ਧ |
| ਘਾ | ਹ | ਜ਼ | ਣਾ | ਕ | ਘਾ |



ਮਿਰਚ
.......................

.......................







.......................
.......................
.......................

ਦੋਵੇਂ ਭੈਣਾਂ ਨਾਨੀ ਨਾਲ਼ ਘਰ ਮੁੜ ਆਈਆਂ। ਰਾਤ ਦੀ ਰੋਟੀ ਤੋਂ ਬਾਅਦ ਉਹ ਫੇਰ ਕਹਾਣੀ ਸੁਣਨ ਦੀ ਜ਼ਿੱਦ ਕਰਨ ਲੱਗੀਆਂ। ਨਾਨੀ ਨੇ ਉਹਨਾਂ ਨੂੰ ਸ਼ਹਿਦ ਦੀ ਮੱਖੀ ਅਤੇ ਘੁੱਗੀ ਦੀ ਕਹਾਣੀ ਸੁਣਾਈ। ਕਹਾਣੀ ਸੁਣਦਿਆਂ-ਸੁਣਦਿਆਂ ਦੋਵੇਂ ਭੈਣਾਂ ਸੌਂ ਗਈਆਂ।

### ਸ਼ਹਿਦ ਦੀ ਮੱਖੀ ਅਤੇ ਘੁੱਗੀ

ਇੱਕ ਦਿਨ ਇੱਕ ਸ਼ਹਿਦ ਦੀ ਮੱਖੀ ਨਦੀ ਵਿੱਚ ਡਿੱਗ ਪਈ। ਨਦੀ ਕਿਨਾਰੇ ਦਰੱਖ਼ਤ ਉੱਤੇ ਇੱਕ ਘੁੱਗੀ ਬੈਠੀ ਸੀ। ਉਸਨੇ ਮੱਖੀ ਨੂੰ ਖ਼ਤਰੇ ਵਿੱਚ ਦੇਖਿਆ। ਉਸ ਨੇ ਇੱਕ ਪੱਤਾ ਤੋੜਿਆ। ਇਹ ਪੱਤਾ ਸ਼ਹਿਦ ਦੀ ਮੱਖੀ ਕੋਲ ਜਾ ਕੇ ਸੁੱਟ ਦਿੱਤਾ। ਸ਼ਹਿਦ ਦੀ ਮੱਖੀ ਪੱਤੇ ਉੱਤੇ ਬੈਠ ਕੇ ਪਾਣੀ ਤੋਂ ਬਾਹਰ ਆ ਗਈ। ਮੱਖੀ ਨੇ ਘੁੱਗੀ ਦਾ ਧੰਨਵਾਦ ਕੀਤਾ ਅਤੇ ਉੱਡ ਗਈ।

ਕੁੱਝ ਦਿਨ ਬਾਅਦ ਉਸ ਜੰਗਲ ਵਿੱਚ ਇੱਕ ਸ਼ਿਕਾਰੀ ਆਇਆ। ਉਸ ਨੇ ਘੁੱਗੀ ਨੂੰ ਦਰੱਖ਼ਤ ਉੱਤੇ ਬੈਠੇ ਦੇਖਿਆ ਅਤੇ ਬੰਦੂਕ ਨਾਲ਼ ਘੁੱਗੀ ਵੱਲ ਨਿਸ਼ਾਨਾ ਸਾਧਿਆ। ਮੱਖੀ ਨੇ ਦੇਖਿਆ ਕਿ ਘੁੱਗੀ ਦੀ ਜਾਨ ਖ਼ਤਰੇ ਵਿੱਚ ਹੈ। ਉਸ ਨੇ ਸ਼ਿਕਾਰੀ ਦੇ ਹੱਥ ਉੱਤੇ ਡੰਗ ਮਾਰਿਆ। ਸ਼ਿਕਾਰੀ ਦਾ ਨਿਸ਼ਾਨਾ ਉੱਕ ਗਿਆ। ਘੁੱਗੀ ਬਚ ਗਈ। ਉਸ ਨੇ ਮੱਖੀ ਦਾ ਧੰਨਵਾਦ ਕੀਤਾ ਅਤੇ ਉੱਡ ਗਈ।

**ਪਿਆਰੇ ਬੱਚਿਓ !**


**ਕੀ ਇਨ੍ਹਾਂ ਵਿੱਚੋਂ ਤੁਹਾਨੂੰ ਵੀ ਕਦੇ ਕਿਸੇ ਨੇ ਡੰਗ ਮਾਰਿਆ ਹੈ? (✓) ਦਾ ਨਿਸ਼ਾਨ ਲਗਾਓ।**

ਮੱਛਰ ....................... ਸ਼ਹਿਦ ਦੀ ਮੱਖੀ ....................... ਭਰਿੰਡ .......................

**ਅਧਿਆਪਕ ਲਈ -** ਅਧਿਆਪਕ ਬੱਚਿਆਂ ਨੂੰ ਕਹਾਣੀ ਸੁਣਾਵੇ ਅਤੇ ਜਾਨਵਰਾਂ ਸਬੰਧੀ ਹੋਰ ਕਹਾਣੀਆਂ ਘਰੋਂ ਸੁਣਨ ਲਈ ਕਹੇ। ਵਿਦਿਆਰਥੀਆਂ ਨੂੰ ਘਰੋਂ ਸੁਣੀਆਂ ਕਹਾਣੀਆਂ ਜਮਾਤ ਵਿੱਚ ਸੁਣਾਉਣ ਲਈ ਉਤਸ਼ਾਹਿਤ ਕਰੇ।

ਦੀਪੀ ਅਤੇ ਗੋਗੀ ਨੇ ਨਾਨੀ ਦੇ ਪਿੰਡ ਬਹੁਤ ਸਾਰੇ ਜਾਨਵਰ ਵੇਖੇ। ਤੁਸੀਂ ਵੀ ਬਹੁਤ ਸਾਰੇ ਜਾਨਵਰ ਵੱਖ-ਵੱਖ ਥਾਂਵਾਂ ਉੱਤੇ ਵੇਖੇ ਹੋਣਗੇ।

**ਕਿਰਿਆ-2 :** ਆਓ ਹੁਣ ਇੱਕ ਛੋਟੀ ਜਿਹੀ ਖੇਡ ਖੇਡੀਏ। ਕੀ ਤੁਸੀਂ ਚਿੱਤਰ ਵਿਚਲੇ ਜਾਨਵਰ ਕਿਤੇ ਵੇਖੇ ਹਨ ? ਜੇ ਵੇਖੇ ਹਨ ਤਾਂ ਕਿਹੜਾ ਜਾਨਵਰ ਕਿੱਥੇ ਵੇਖਿਆ ਹੈ ? ਚਿੱਤਰਾਂ ਵਿੱਚ ਰੰਗ ਭਰੋ।



ਪਿਆਰੇ ਬੱਚਿਓ, ਜਿਵੇਂ ਅਸੀਂ ਇੱਕ ਥਾਂ ਤੋਂ ਦੂਜੀ ਥਾਂ ਜਾਂਦੇ ਹਾਂ, ਉਸੇ ਤਰ੍ਹਾਂ ਜਾਨਵਰ ਵੀ ਜਾਂਦੇ ਹਨ। ਕੁਝ ਤੈਰਦੇ ਹਨ। ਕੁਝ ਉੱਡਦੇ ਹਨ ਅਤੇ ਕੁਝ ਰੀਂਗਦੇ ਹਨ।

ਕੀ ਤੁਸੀਂ ਦੱਸ ਸਕਦੇ ਹੋ ਕਿ ਹੇਠਾਂ ਲਿਖੇ ਜਾਨਵਰ ਇੱਕ ਥਾਂ ਤੋਂ ਦੂਜੀ ਥਾਂ ਕਿਵੇਂ ਜਾਂਦੇ ਹਨ ?

1. ਸੱਪ ਰੀਂਗਦਾ ਹੈ 2. ਗਾਂ .................... ਹੈ।

3. ਮੱਛੀ .................... ਹੈ। 4. ਤਿਤਲੀ .................... ਹੈ।

5. ਤੋਤਾ .................... ਹੈ। 6. ਮੱਛਰ .................... ਹੈ।



## ਯਾਦ ਰੱਖਣ ਯੋਗ ਗੱਲਾਂ

- ਵੱਖ-ਵੱਖ ਜਾਨਵਰ ਵੱਖ-ਵੱਖ ਭੋਜਨ ਖਾਂਦੇ ਹਨ। ਜਿਵੇਂ - ਤੋਤਾ ਮਿਰਚ ਖਾਂਦਾ ਹੈ ਅਤੇ ਬਿੱਲੀ ਦੁੱਧ ਪੀਂਦੀ ਹੈ।
- ਸ਼ਹਿਦ ਦੀ ਮੱਖੀ, ਮੱਛਰ, ਭਰਿੰਡ ਆਦਿ ਡੰਗ ਮਾਰਦੇ ਹਨ।
- ਕਈ ਪੰਛੀ ਉੱਡ ਨਹੀਂ ਸਕਦੇ।



**ਪ੍ਰਸ਼ਨ 1. ਜਾਨਵਰ ਅਤੇ ਉਹਨਾਂ ਦੀਆਂ ਆਵਾਜ਼ਾਂ ਦਾ ਮਿਲਾਨ ਕਰੋ**

| ਜਾਨਵਰਾਂ ਦਾ ਨਾਮ | ਆਵਾਜ਼ਾਂ |
|---|---|
| (ੳ) ਬੱਕਰੀ | ਗੁਟਰ-ਗੂੰ |
| (ਅ) ਕੁੱਕੜੀ | ਮਿਆਓਂ-ਮਿਆਓਂ |
| (ੲ) ਬਿੱਲੀ | ਕੁਕੜੂੰ-ਕੂੰ |
| (ਸ) ਕਬੂਤਰ | ਮੈਂ-ਮੈਂ |

2. ਵੱਖ-ਵੱਖ ਜੀਵ-ਜੰਤੂਆਂ ਦੇ ਰਹਿਣ ਸਥਾਨ ਲਿਖੋ।

| ਜੰਤੂ ਦਾ ਨਾਂ | ਰਹਿਣ-ਸਥਾਨ |
|---|---|
| ................ | ................ |
| ................ | ................ |
| ................ | ................ |
| ................ | ................ |
| ................ | ................ |

3. ਖ਼ਾਲੀ ਥਾਂਵਾਂ ਭਰੋ-

(ਵੱਖਰੀ–ਵੱਖਰੀ, ਦਾਣੇ, ਡੰਗ)

(ੳ) ਸ਼ਹਿਦ ਦੀ ਮੱਖੀ ................ ਮਾਰਦੀ ਹੈ।

(ਅ) ਹਰ ਜਾਨਵਰ ਦੀ ਆਵਾਜ਼ ................ ਹੁੰਦੀ ਹੈ।

(ੲ) ਮੁਰਗੀ ................ ਖਾਂਦੀ ਹੈ।

4. ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ।

(ੳ) ਕੁੱਤਾ ਘਰ ਦੀ ਰਾਖੀ ਕਰਦਾ ਹੈ। ☐

(ਅ) ਤੋਤਾ ਮਿਰਚ ਖਾਂਦਾ ਹੈ। ☐

(ੲ) ਪੰਛੀ ਖੰਭਾਂ ਦੀ ਮਦਦ ਨਾਲ਼ ਉੱਡਦੇ ਹਨ। ☐

(ਸ) ਕਿਰਲੀ ਉੱਡਦੀ ਹੈ। ☐

ਪ੍ਰਸ਼ਨ 5 ਡੰਗ ਮਾਰਨ ਵਾਲੇ ਦੋ ਜੀਵਾਂ ਦੇ ਨਾਮ ਲਿਖੋ।

................................................................................

................................................................................

ਪ੍ਰਸ਼ਨ 6. ਚਾਰਾ ਖਾਣ ਵਾਲੇ ਦੋ ਜੰਤੂਆਂ ਦੇ ਨਾਮ ਲਿਖੋ।

................................................................................

................................................................................

*****